| | BCM SCHOOL<br>Basant Avenue, Dugri Road, Ludhiana<br>Class -lll<br>Paper – Punjabi | |
|---|---|---|
| ੳ) | **ਹੇਠ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਤੇ ਗੋਲਾ ਲਗਾਓ:** | |
| | ਲੋਟਸ ਟੈਂਪਲ ਦਿੱਲੀ ਦੇ ਨਹਿਰੂ ਪਲੇਸ ਵਿੱਚ ਸਥਿਤ ਹੈ। ਇਹ ਮੰਦਰ ਕਮਲ ਦੇ ਫੁੱਲ ਦੇ ਅਕਾਰ ਵਰਗਾ ਹੈ। ਇਸ ਲਈ ਇਸ ਨੂੰ 'ਕਮਲ ਮੰਦਰ' ਵੀ ਕਿਹਾ ਜਾਂਦਾ ਹੈ। ਇਸ ਮੰਦਰ ਦੀ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਮੂਰਤੀ ਪੂਜਾ ਨਹੀਂ ਹੁੰਦੀ। ਮੰਦਰ ਦੇ ਅੰਦਰ ਆਉਣ-ਜਾਣ ਦੀ ਹਰ ਧਰਮ ਦੇ ਲੋਕਾਂ ਨੂੰ ਛੁੱਟ ਹੈ। ਹਰ ਇੱਕ ਘੰਟੇ ਬਾਅਦ ਇੱਥੇ ਪੰਜ ਮਿੰਟ ਦੀ ਪ੍ਰਾਰਥਨਾ ਹੁੰਦੀ ਰਹਿੰਦੀ ਹੈ। ਮੰਦਰ ਦੇ ਨੌ ਦਰਵਾਜ਼ੇ ਹਨ। ਇਸ ਦੇ ਚਾਰੇ ਪਾਸੇ ਨੌ ਝੀਲਾਂ ਹਨ ਜੋ ਕਿ ਮੰਦਰ ਅੰਦਰ ਠੰਢਕ ਬਣਾਈ ਰੱਖਦੀਆਂ ਹਨ। | |
| ਪ੍ਰ: 1 | ਕਮਲ ਮੰਦਰ ਦੇ ਕਿੰਨੇ ਦਰਵਾਜ਼ੇ ਹਨ? | |
| | ਸੱਤ ਨੌ ਪੰਜ | |
| ਪ੍ਰ:2 | ਹਰ ਇੱਕ ਘੰਟੇ ਬਾਅਦ ਮੰਦਰ ਵਿੱਚ ਕਿੰਨੇ ਮਿੰਟ ਦੀ ਪ੍ਰਾਰਥਨਾ ਹੁੰਦੀ ਹੈ? | |
| | ਨੌ ਮਿੰਟ ਤਿੰਨ ਮਿੰਟ ਪੰਜ ਮਿੰਟ | |
| ਪ੍ਰ:3 | ਖਾਲੀ ਥਾਂ ਭਰੋ: | |
| | ਮੰਦਰ ਦੇ ਅੰਦਰ ਆਉਣ-ਜਾਣ ਦੀ ਹਰ __________ਦੇ ਲੋਕਾਂ ਨੂੰ ਛੁੱਟ ਹੈ।<br>ਉਮਰ ਧਰਮ ਰੰਗ | |
| ਪ੍ਰ:4 | ਸਹੀ ਵਚਨ ਬਦਲੋ ਚੁਣੋ -ਦਰਵਾਜ਼ਾ | |
| | ਦਰਵਾਜ਼ੇ ਦਰਵਾਜ਼ਿਆ ਦਰਵਾਜੇ | |
| ਪ੍ਰ:5 | ਮੰਦਰ ਕਿਹੜੇ ਫੁੱਲ ਦੇ ਅਕਾਰ ਵਰਗਾ ਹੈ? | |
| | ਕਮਲ ਦੇ ਗ਼ੁਲਾਬ ਦੇ ਗੇਂਦੇ ਦੇ | |
| ਅ) | **ਹੇਠ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਵਿੱਚ ਦਿਓ:** | |
| | ਇਸ ਖੇਡ ਵਿੱਚ ਧਰਤੀ ਉੱਤੇ ਲਕੀਰਾਂ ਵਾਹ ਕੇ ਆਇਤਾਕਾਰ ਸ਼ਕਲ ਵਿੱਚ ਅੱਠ ਦਸ ਖਾਨੇ ਬਣਾ ਲਏ ਜਾਂਦੇ ਸਨ। ਇਹ ਖਾਨੇ ਉਮਰ ਦੇ ਹਿਸਾਬ ਨਾਲ ਬਣੇ ਹੁੰਦੇ ਸੀ। ਬੱਚੇ ਆਪਸ ਵਿੱਚ ਪੁੱਗ ਕੇ ਆਪਣੀ ਵਾਰੀ ਨਿਯਤ ਕਰਦੇ ਸਨ। ਖੇਡਣ ਵਾਲਾ ਬੱਚਾ ਪਹਿਲੇ ਪਾਸੇ ਵਿੱਚ ਡੀਟੀ ਸੁੱਟਦਾ ਤੇ ਠੁੱਡ ਮਾਰਦਾ । ਫਿਰ ਡੀਟੀ ਵਾਲੇ ਪਾਸੇ ਵੱਲ ਆ ਕੇ ਡੀਟੀ ਬਾਹਰ ਕੱਢਦਾ ਹੈ। | |
| ਪ੍ਰ:1 | ਖਾਨੇ ਕਿਸ ਹਿਸਾਬ ਨਾਲ ਬਣੇ ਹੁੰਦੇ ਸੀ? | |
| ਉੱਤਰ | | |
| ਪ੍ਰ:2 | ਬੱਚੇ ਆਪਣੀ ਵਾਰੀ ਕਿਵੇਂ ਨਿਯਤ ਕਰਦੇ ਸਨ? | |
| ਉੱਤਰ | | |
| ਪ੍ਰ:3 | ਖ਼ਾਲੀ ਥਾਂ ਭਰੋ: | |

| | | |
|---|---|---|
| | ______________ਸ਼ਕਲ ਵਿੱਚ ਅੱਠ ਦਸ ਖਾਨੇ ਬਣਾ ਲਏ ਜਾਂਦੇ ਸਨ। | |
| ਪ੍ਰ:4 | ਵਿਰੋਧੀ ਸ਼ਬਦ ਲਿਖੋ: | |
| | ਅੰਦਰ- | |
| **ੲ**) | **ਸਹੀ ਵਿਕਲਪ ਚੁਣੋ ਅਤੇ ਗੋਲਾ ਲਗਾਉ**: | |
| **1.** | ਹਫ਼ਤੇ ਦਾ ਆਖਰੀ ਦਿਨ ਕਿਹੜਾ ਹੁੰਦਾ ਹੈ**?** | |
| | ਐਤਵਾਰ ਸੋਮਵਾਰ ਵੀਰਵਾਰ | |
| **2.** | ਸੱਤ ਤੋਂ ਬਾਅਦ ਕੀ ਆਉਂਦਾ ਹੈ? | |
| | ਛੇ ਅੱਠ ਇੱਕ | |
| **3.** | ਵੀਰਵਾਰ ਤੋਂ ਪਹਿਲਾਂ ਕਿਹੜਾ ਦਿਨ ਆਉਂਦਾ ਹੈ**?** | |
| | ਸ਼ੁੱਕਰਵਾਰ ਮੰਗਲਵਾਰ ਬੁੱਧਵਾਰ | |
| **4.** | ਕਿਸ ਅੰਗ ਨਾਲ ਤੁਸੀਂ ਠੁੱਡ ਮਾਰਦੇ ਹੋ ? | |
| | ਪੈਰ ਹੱਥ ਨੱਕ | |
| **5.** | ਚਾਰ ਤੋਂ ਪਹਿਲਾਂ ਕੀ ਆਉਂਦਾ ਹੈ ? | |
| | ਤਿੰਨ ਪੰਜ ਦੋ | |